## Office of Deputy Commissioner, Fazilka
## ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ
### (ਫੁੱਟਕਲ ਸ਼ਾਖਾ)

---

**ਹੁਕਮ :-**

Covid-19 (ਕੋਰੋਨਾ ਵਾਇਰਸ) ਨੂੰ ਸਰਕਾਰ ਵੱਲੋਂ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ ਐਮ.ਸੀ-1/ਐਮ.ਏ/2020/4370-92/ ਮਿਤੀ 23-03-2020 ਰਾਹੀਂ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਮਿਤੀ 23-03-2020 ਤੋਂ ਮਿਤੀ 31-03-2020 ਤੱਕ ਕਰਫਿਊ ਦੇ ਆਦੇਸ਼ ਦਿੱਤੇ ਜਾ ਚੁੱਕੇ ਹਨ।

ਪੰਜਾਬ ਰਾਜ ਵਿਚ ਇਨ੍ਹਾਂ ਦਿਨ੍ਹਾਂ ਦੇ ਦਰਮਿਆਨ ਕਣਕ/ਸਰੋਂ ਦੀ ਕਟਾਈ ਹੋਣੀ ਸ਼ੁਰੂ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਜ਼ਿਆਦਾਤਰ ਜਿੰਮੀਦਾਰ ਆਪਣੀ ਫਸਲ ਦੀ ਕਟਾਈ ਕੰਬਾਇਨ ਰਾਹੀਂ ਕਰਵਾਉਂਦੇ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਫਾਜ਼ਿਲਕਾ ਵਿਚ ਇਸ ਸਮੇਂ ਦੌਰਾਨ ਨਰਮੇ ਦੀ ਬਿਜਾਈ ਵੀ ਸ਼ੁਰੂ ਹੋ ਜਾਂਦੀ ਹੈ। ਮਾਨਯੋਗ ਅਡੀਸ਼ਨਲ ਚੀਫ ਸੈਕਟਰੀ-ਕਮ-ਫਾਇਨਾਸ ਪੰਜਾਬ ਚੰਡੀਗੜ੍ਹ ਵੱਲੋਂ ਆਪਣੇ ਦਫਤਰ ਦੇ ਪੱਤਰ ਨੰ. AR-14/2020/SPL-1-30 Date 28-03-2020 ਰਾਹੀਂ ਇਸ ਸਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਹਨ। ਇਸ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਵਿਚ ਹੇਠ ਲਿਖੇ ਅਨੁਸਾਰ ਹਾੜੀ ਦੀ ਫਸਲ ਦੀ ਕਟਾਈ ਅਤੇ ਸਾਵਨੀ ਫਸਲ ਦੀ ਬਿਜਾਈ ਸਬੰਧੀ ਢਿੱਲ ਦਿੱਤੀ ਜਾਂਦੀ ਹੈ :-

**ਕੰਬਾਇਨ ਦੀ ਵਰਤੋ :-** ਜ਼ਿਲ੍ਹਾ ਫਾਜ਼ਿਲਕਾ ਦੇ ਜਿੰਮੀਦਾਰਾਂ ਦੀ ਸੁਵਿਧਾ ਲਈ ਉਪਰੋਕਤ ਮੰਤਵ ਲਈ ਫਸਲ ਦੀ ਕਟਾਈ ਲਈ ਕੰਬਾਇਨਾਂ ਨੂੰ ਚਲਾਉਣ ਦੀ ਢਿੱਲ ਦਿੱਤੀ ਜਾਂਦੀ ਹੈ,ਅਗਰ ਕੰਬਾਇਨ ਨੂੰ ਮੁਰੰਮਤ ਕਰਵਾਉਣ ਜਾਂ ਕਿਸੇ ਸਪੇਅਰ ਪਾਰਟਸ ਦੀ ਜਰੂਰਤ ਮਹਿਸੂਸ ਹੋਵੇ ਤਾਂ ਦੁਕਾਨ ਖੁਲਵਾ ਕੇ ਮੁਰੰਮਤ/ਸਪੇਅਰ ਪਾਰਟ ਲਿਆ ਜਾ ਸਕਦਾ ਹੈ। ਫਸਲ ਨੂੰ ਕਟਾਈ ਉਪਰੰਤ ਫਸਲ ਨੂੰ ਸੰਭਾਲਣ ਲਈ ਢੋਆ-ਢੁਆਈ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਨੂੰ ਵਰਤੋਂ ਵਿਚ ਲਿਆਉਣ ਦੀ ਢਿੱਲ ਦਿੱਤੀ ਜਾਂਦੀ ਹੈ, ਅਗਰ ਕੋਈ ਕੰਬਾਇਨ ਮਾਲਕ ਬਾਹਰਲੇ ਰਾਜਾਂ/ਜਿਲ੍ਹਿਆਂ ਵਿਚ ਕੰਬਾਇਨ ਲੈ ਕੇ ਜਾਣਾ ਚਾਹੁੰਦਾ ਹੋਵੇ, ਤਾਂ ਉਹ ਕੰਬਾਇਨ ਲੈ ਕੇ ਜਾ ਸਕਦਾ ਹੈ। ਸਾਰੇ ਕੰਬਾਇਨ ਮਾਲਕਾਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕੋਵਿਡ-19 ਅਧੀਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਦੀ ਵਰਤੋ ਕਰਨੀ ਯਕੀਨੀ ਬਨਾਉਣਗੇ ਤਾਂ ਜੋ ਕੋਰੋਨਾ ਮਹਾਂਵਾਰੀ ਦੇ ਵੱਧਦੇ ਪ੍ਰਕੋਪ ਨੂੰ ਠੱਲ੍ਹ ਪਾਈ ਜਾ ਸ[illegible]

Office of the Distt. Magistrate FAZILKA

**ਹਾੜੀ ਦੀ ਫਸਲ ਦੀ ਬਿਜਾਈ :-** ਇਲਾਕੇ ਵਿਚ ਸਾਵਨੀ ਦੀ ਫਸਲ ਦੀ ਬਿਜਾਈ ਦੇ ਮੰਤਵ ਨੂੰ ਦੇਖਦੇ ਹੋਏ ਜ਼ਿਲ੍ਹਾ ਫਾਜ਼ਿਲਕਾ ਵਿਚ ਸਥਿਤ ਸਾਵਨੀ ਦੀ ਫਸਲ ਦਾ ਬੀਜ਼ ਦੇਣ ਵਾਲੇ ਦੁਕਾਨਦਾਰਾਂ ਨੂੰ ਜਿੰਮੀਦਾਰਾਂ ਦੀ ਮੰਗ ਅਨੁਸਾਰ ਸਬੰਧਤ ਬੀਜ਼ ਉਨ੍ਹਾਂ ਦੇ ਘਰਾਂ ਵਿਚ ਸਪਲਾਈ ਕਰਨ ਵਿਚ ਢਿੱਲ ਦਿੱਤੀ ਜਾਂਦੀ ਹੈ ਤਾਂ ਜੋ ਆਮ ਜਨਤਾ ਨੂੰ ਘਰਾਂ ਤੋਂ ਬਾਹਰ ਆਉਣ ਤੋਂ ਰੋਕਿਆ ਜਾ ਸਕੇ ਅਤੇ ਜ਼ਿਲ੍ਹਾ ਫਾਜ਼ਿਲਕਾ ਵਿਚ ਸਾਵਨੀ ਦੀ ਫਸਲ ਦੀ ਬਿਜਾਈ ਸਮੇਂ ਸਿਰ ਹੋ ਸਕੇ। ਸਮੂਹ ਜਿੰਮੀਦਾਰ ਇਹ ਵੀ ਯਕੀਨੀ ਬਨਾਉਣਗੇ ਕਿ ਹਾੜੀ ਦੀ ਫਸਲ ਦੀ ਕਟਾਈ ਅਤੇ ਸਾਵਨੀ ਫਸਲ ਦੀ ਬਿਜਾਈ ਸਮੇਂ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਹਰੇਕ ਖੇਤ ਮਜਦੂਰ ਆਪਸ ਵਿਚ ਸਮਾਜਿਕ ਦੂਰੀ ਬਣਾਈ ਰੱਖਣਗੇ ਤਾਂ ਜੋ ਕੋਰੋਨਾ ਵਾਇਰਸ ਦੀ ਮਹਾਂਮਾਰੀ ਤੋਂ ਬਚਿਆ ਜਾ ਸਕੇ। ਮੁੱਖ ਖੇਤੀਬਾੜੀ ਅਫ਼ਸਰ, ਫਾਜ਼ਿਲਕਾ ਇਸ ਗੱਲ ਨੂੰ ਯਕੀਨੀ ਬਨਾਉਣਗੇ ਕਿ ਕਿਸੇ ਵੀ ਜਿੰਮੀਦਾਰ /ਖੇਤ ਮਜਦੂਰ ਵੱਲੋਂ ਹੁਕਮਾਂ ਦੀ ਉਲੰਘਣਾ ਨਾ ਕੀਤੀ ਜਾਵੇ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਕਾਟਨ ਫੈਕਟਰੀਆਂ ਵਿਚ ਜੋ ਮਜਦੂਰਾਂ ਤੇ ਕੰਮ ਸਬੰਧਤ ਕੰਪਨੀ ਦੇ ਮਾਲਕ ਵੱਲੋਂ ਲਿਆ ਜਾਵੇਗਾ, ਉਹਨਾਂ ਦੇ ਰਹਿਣ ਦਾ ਪ੍ਰਬੰਧ ਫੈਕਟਰੀ ਵਿਚ ਹੀ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਫੈਕਟਰੀ ਵਿਚ ਕਿਸੇ ਵੀ ਤਰ੍ਹਾਂ ਦੇ ਕੰਮ ਕਰਨ ਵਾਲੇ ਮਜਦੂਰਾਂ ਨੂੰ ਆਪਣੇ ਘਰ ਜਾਣ ਦੀ

Scanned with CamScanner

**Office of Deputy Commissioner, Fazilka**

**ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**

**(ਫੁੱਟਕਲ ਸ਼ਾਖਾ)**

---

ਆਗਿਆ ਨਹੀਂ ਹੋਵੇਗੀ ਅਤੇ ਕਾਟਨ ਫੈਕਟਰੀ ਵਿਚ ਪ੍ਰੋਸੈਸਿੰਗ/ਵੇਲੇਣੀ ਕਪਾਹ ਦੀ ਫੈਕਟਰੀ ਤੋਂ ਗੋਦਾਮ ਅਤੇ ਕਾਟਨ ਸੀਡ ਫੈਕਟਰੀ ਤੋਂ ਆਇਲ ਮਿੱਲ ਤੱਕ ਢੋਆ-ਢੁਆਈ ਦੀ ਢਿੱਲ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਸੀ.ਸੀ.ਆਈ. ਵੱਲੋਂ ਕਿਸਾਨਾ ਨੂੰ ਅਦਾਇਗੀ ਕਰਨ ਲਈ ਫਾਜ਼ਿਲਕਾ ਜ਼ਿਲ੍ਹੇ ਵਿਚ ਦਫਤਰ ਖੋਲ੍ਹਣ ਦੀ ਵੀ ਢਿੱਲ ਦਿੱਤੀ ਜਾਂਦੀ ਹੈ। ਬਰਾਂਚ ਮੈਨੇਜਰ ਨੂੰ ਇਹ ਯਕੀਨੀ ਬਣਾਉਣਗੇ ਕਿ ਉਹ ਆਪਣੇ ਦਫਤਰ ਅਤੇ ਕਾਟਨ ਫੈਕਟਰੀ ਵਿਚ ਕੋਵਿਡ-19 ਤਹਿਤ ਜਾਰੀ ਕੀਤੇ ਗਏ ਆਦੇਸ਼ਾਂ ਦੀ ਇੰਨ ਬਿੰਨ ਪਾਲਣਾ ਕਰਨਗੇ।

<u>ਪੈਟਰੋਲ ਪੰਪ ਸਬੰਧੀ</u> :- ਜ਼ਿਲ੍ਹਾ ਫਾਜ਼ਿਲਕਾ ਵਿਖੇ ਪਹਿਲਾਂ ਸਿਰਫ ਸਟੇਟ ਹਾਈਵੇ ਅਤੇ ਨੈਸ਼ਨਲ ਹਾਈਵੇ ਤੇ ਸਥਿੱਤ ਪੈਟਰੋਲ ਪੰਪ ਹੀ ਖੋਲ੍ਹੇ ਗਏ ਸਨ ਅਤੇ ਜ਼ਿਲ੍ਹਾ ਫਾਜ਼ਿਲਕਾ ਦੇ ਬਾਕੀ ਪੈਟਰੋਲ ਪੰਪਾਂ ਲਈ ਮਿਤੀ 25,27,29, ਅਤੇ 31-03-2020 ਲਈ ਸਮ੍ਹਾਂ ਸਵੇਰੇ 07-00 ਵਜੇ ਤੋਂ ਸਵੇਰੇ 10-00 ਵਜੇ ਮੁਕਰਰ ਕੀਤਾ ਗਿਆ ਸੀ, ਪਰ ਹੁਣ ਇਹ ਪੈਟਰੋਲ ਪੰਪ ਦੇ ਹਰ ਰੋਜ਼ ਸਵੇਰੇ 07-00 ਵਜੇ ਤੋਂ ਸ਼ਾਮ 06-00 ਵਜੇ ਤੱਕ ਮੁਕਰਰ ਕੀਤਾ ਜਾਦਾ ਹੈ।

<u>ਡਾਕ ਘਰ/ਇੰਸੋਰੈਂਸ ਕੰਪਨੀ/ਕੋਰੀਅਰ ਸਰਵਿਸ</u> :- ਐਮਰਜੈਂਸੀ ਦੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋ ਪੱਤਰ ਨੰਬਰ SS/ACSH/2020/SPL-2 Dated 29-03-2020 ਰਾਹੀਂ ਡਾਕ ਸੇਵਾ/ਇੰਸੋਰੈਂਸ ਕੰਪਨੀ/ਕੋਰੀਅਰ ਸਰਵਿਸ ਨੂੰ ਕਰਫਿਊ ਅਤੇ ਲਾਕਡਾਊਨ ਸਮੇਂ ਚਾਲੂ ਰੱਖਣ ਦੀ ਹਦਾਇਤ ਕੀਤੀ ਗਈ ਹੈ। ਇਸ ਲਈ ਸਰਕਾਰ ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਵਿਚ ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਡਾਕ ਘਰਾਂ/ਸਬ ਡਾਕ ਘਰਾਂ/ਇੰਸੋਰੈਂਸ ਕੰਪਨੀਆਂ/ਕੋਰੀਅਰ ਸਰਵਿਸ ਨੂੰ ਖੋਲ੍ਹਣ ਦੀ ਢਿੱਲ ਦਿੱਤੀ ਜਾਂਦੀ ਹੈ। ਸਬੰਧਤ ਅਦਾਰੇ, ਸਰਕਾਰ ਵੱਲੋਂ ਨਿਰਧਾਰਤ ਸਮੇਂ ਅੰਦਰ ਆਮ ਜਨਤਾਂ ਨੂੰ ਉਹਨ੍ਹਾਂ ਦੇ ਘਰਾਂ ਵਿਚ, ਉਨ੍ਹਾਂ ਦੀ ਸੁਵਿਧਾ ਅਨੁਸਾਰ ਸਹੂਲਤ ਮੁਹੱਈਆਂ ਕਰਵਾਉਣ ਦੇ ਜ਼ਿੰਮੇਵਾਰ ਹੋਣਗੇ। ਤਾਂ ਜੋ ਆਮ ਜਨਤਾ ਨੂੰ ਘਰਾਂ ਤੋਂ ਬਾਹਰ ਆਉਣ ਤੋਂ ਰੋਕਿਆ ਜਾ ਸਕੇ। ਸਮੂਹ ਡਾਕ ਵਿਭਾਗ ਦੇ ਕਰਮਚਾਰੀ ਕੋਵਿਡ-19 ਅਧੀਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਦੀ ਵਰਤੋ ਕਰਨੀ ਯਕੀਨੀ ਬਨਾਉਣਗੇ ਤਾਂ ਜੋ ਕੋਰੋਨਾ ਮਹਾਂਵਾਰੀ ਦੇ ਵੱਧਦੇ ਪ੍ਰਕੋਪ ਨੂੰ ਠੱਲ੍ਹ ਪਾਈ ਜਾ ਸਕੇ। ਜਿਨ੍ਹਾਂ ਕਰਮਚਾਰੀਆਂ ਵੱਲੋਂ ਆਮ ਜਨਤਾਂ ਨੂੰ ਡਾਕ ਸੇਵਾ ਸਬੰਧੀ ਘਰ-2 ਜਾ ਕੇ ਸਹੂਲਤ ਮੁਹੱਈਆਂ ਕਰਵਾਈ ਜਾਵੇਗੀ, ਉਹ ਆਪਣੇ ਹੱਥਾਂ ਵਿਚ ਦਸਤਾਨੇ, ਮੂੰਹ ਤੇ ਮਾਸਕ ਅਤੇ ਸੈਨੇਟਾਈਜਰ ਦੀ ਵਰਤੋਂ ਕਰਨੀ ਯਕੀਨੀ ਬਨਾਉਣਗੇ। ਜ਼ਿਲ੍ਹਾ ਪੋਸਟ ਮਾਸਟਰ ਫਿਰੋਜਪੁਰ ਕੋਵਿਡ-19 ਤਹਿਤ ਪ੍ਰਾਪਤ ਹੋਈਆਂ ਸਰਕਾਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਨਾਉਣਗੇ।

ਇਹ ਹੁਕਮ ਅੱਜ ਮਿਤੀ 30-03-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

Office of the Distt. Magistrate FAZILKA

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

ਪਿੱਠ ਅੰਕਣ ਨੰਬਰ 5369-90 /ਐਮ.ਸੀ.3/ਐਮ.ਏ. ਮਿਤੀ 30-03-2020

ਇਸ ਦਾ ਇੱਕ ਉਤਾਰਾ :-

1) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ।
2) ਸਿਵਲ ਸਰਜਨ, ਫਾਜ਼ਿਲਕਾ ।
3) ਵਧੀਕ ਡਿਪਟੀ ਕਮਿਸ਼ਨਰ (ਜਨ) / (ਵਿਕਾਸ) ਫਾਜ਼ਿਲਕਾ ।

Scanned with CamScanner